12 Beds, 7 Baths For 24 Guests 905-965-4644
ਦੰਦਾਂ ਦੀ ਦੇਖਭਾਲ 905-450-5600
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਸਸਤੀਆਂ ਹਵਾਈ ਟਿਕਟਾਂ 905-595-1700
ਬੈੱਡ ਬਗ਼ਜ਼ (ਖਟਮਲ) ਖ਼ਤਮ 647-688-3944
12 Beds, 7 Baths For 24 Guests 905-965-4644
Sher Atta $14.99 20LB 905-678-0300
ਮਰਦਾਨਾ ਕਮਜ਼ੋਰੀ 416-992-5489

ਪੜ੍ਹਾਈ ਲਈ ਲੋਨ ਲੈਣ ਵਾਲਿਆਂ ਨੂੰ ਟਰੰਪ ਪ੍ਰਸ਼ਾਸਨ ਨੇ ਦਿੱਤੀ ਵੱਡੀ ਰਾਹਤ

ਵਾਸ਼ਿੰਗਟਨ: ਅਮਰੀਕਾ ਦੇ ਟਰੰਪ ਪ੍ਰਸ਼ਾਸਨ ਨੇ ਉਨ੍ਹਾਂ ਲੱਖਾਂ ਅਮਰੀਕੀਆਂ ਨੂੰ ਵੱਡੀ ਰਾਹਤ ਦਿੱਤੀ ਹੈ ਜੋ ਆਪਣੇ ਸਟੂਡੈਂਟ ਲੋਨ (ਵਿਦਿਆਰਥੀ ਕਰਜ਼ੇ) ਦੀਆਂ ਕਿਸ਼ਤਾਂ ਭਰਨ 'ਚ ਅਸਫ਼ਲ ਰਹੇ ਸਨ। ਪ੍ਰਸ਼ਾਸਨ ਨੇ ਡਿਫ਼ਾਲਟਰਾਂ ਦੀਆਂ ਤਨਖਾਹਾਂ 'ਚੋਂ ਪੈਸੇ ਕੱਟਣ ਦੀ ਆਪਣੀ ਯੋਜਨਾ ਨੂੰ ਫ਼ਿਲਹਾਲ ਮੁਲਤਵੀ ਕਰ ਦਿੱਤਾ ਹੈ।

ਸਿੱਖਿਆ ਵਿਭਾਗ ਨੇ ਨੂੰ ਐਲਾਨ ਕੀਤਾ ਕਿ ਸੰਘੀ ਵਿਦਿਆਰਥੀ ਕਰਜ਼ਿਆਂ ਦੀ ਜਬਰੀ ਵਸੂਲੀ'ਤੇ ਓਦੋਂ ਤਕ ਰੋਕ ਰਹੇਗੀ ਜਦੋਂ ਤਕ ਏਜੰਸੀ ਨਵੀਂ ਅਦਾਇਗੀ ਯੋਜਨਾਵਾਂ ਨੂੰ ਅੰਤਿਮ ਰੂਪ ਨਹੀਂ ਦੇ ਦਿੰਦੀ। ਇਹ ਫ਼ੈਸਲਾ ਉਸ ਪੁਰਾਣੀ ਯੋਜਨਾ ਨੂੰ ਉਲਟਾਉਂਦਾ ਹੈ ਜਿਸ ਤਹਿਤ ਇਸ ਮਹੀਨੇ ਤੋਂ ਤਨਖਾਹਾਂ 'ਚੋਂ ਕਟੌਤੀ ਸ਼ੁਰੂ ਕੀਤੀ ਜਾਣੀ ਸੀ।

ਵਿਭਾਗ ਦੇ ਉੱਚ ਸਿੱਖਿਆ ਮੁੱਖੀ ਨਿਕੋਲਸ ਕੈਂਟ ਨੇ ਕਿਹਾ ਕਿ ਪ੍ਰਸ਼ਾਸਨ ਵਿਦਿਆਰਥੀਆਂ ਅਤੇ ਮਾਪਿਆਂ ਦੀ ਮਦਦ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜਬਰੀ ਵਸੂਲੀ ਵਰਗੇ ਕਦਮ ਓਦੋਂ ਹੀ ਪ੍ਰਭਾਵਸ਼ਾਲੀ ਹੋਣਗੇ ਜਦੋਂ ਮੌਜੂਦਾ ਸਟੂਡੈਂਟ ਲੋਨ ਸਿਸਟਮ 'ਚ ਸੁਧਾਰ ਕਰ ਕੇ ਇਸਨੂੰ ਹੋਰ ਪਾਰਦਰਸ਼ੀ ਅਤੇ ਕਿਫ਼ਾਇਤੀ ਬਣਾਇਆ ਜਾਵੇਗਾ।

ਨਿਯਮਾਂ ਅਨੁਸਾਰ ਜੇਕਰ ਕੋਈ ਕਰਜ਼ਦਾਰ 270 ਦਿਨਾਂ ਤਕ ਕਿਸ਼ਤ ਨਹੀਂ ਭਰਦਾ ਤਾਂ ਉਸ ਨੂੰ ਡਿਫ਼ਾਲਟਰ ਮੰਨਿਆ ਜਾਂਦਾ ਹੈ। ਅਜਿਹੀ ਸਥਿਤੀ 'ਚ ਸਰਕਾਰ ਕੋਲ ਉਸ ਦੀ ਤਨਖਾਹ ਰੋਕਣ ਅਤੇ ਟੈਕਸ ਰਿਫ਼ੰਡ ਜ਼ਬਤ ਕਰਨ ਦਾ ਅਧਿਕਾਰ ਹੁੰਦਾ ਹੈ। ਕੋਰੋਨਾ ਕਾਲ ਦੌਰਾਨ ਇਸ 'ਤੇ ਰੋਕ ਲਗਾਈ ਗਈ ਸੀ ਜਿਸ ਨੂੰ ਹੁਣ ਦੁਬਾਰਾ ਸ਼ੁਰੂ ਕਰਨ ਦੀ ਤਿਆਰੀ ਸੀ, ਪਰ ਹੁਣ ਇਸ ਨੂੰ ਫ਼ਿਲਹਾਲ ਟਾਲ ਦਿੱਤਾ ਗਿਆ ਹੈ।

ਵਿਭਾਗ ਦੇ ਅੰਕੜਿਆਂ ਅਨੁਸਾਰ ਸਤੰਬਰ ਤਕ 50 ਲੱਖ ਤੋਂ ਵੱਧ ਅਮਰੀਕੀ ਆਪਣੇ ਸਟੂਡੈਂਟ ਲੋਨ 'ਚ ਡਿਫ਼ਾਲਟਰ ਪਾਏ ਗਏ ਸਨ। ਲੱਖਾਂ ਹੋਰ ਅਜਿਹੇ ਲੋਕ ਹਨ ਜੋ ਕਰਜ਼ਾ ਮੋੜਨ 'ਚ ਪਿੱਛੇ ਹਨ ਅਤੇ ਇਸ ਸਾਲ ਡਿਫ਼ਾਲਟਰ ਹੋਣ ਦੀ ਕਗਾਰ 'ਤੇ ਹਨ। ਸਿੱਖਿਆ ਮਾਹਿਰਾਂ ਅਤੇ ਐਡਵੋਕੇਟਾਂ ਨੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ। ਪ੍ਰੋਟੈਕਟ ਬੌਰੋਅਰਜ਼ ਸੰਸਥਾ ਦੀ ਪਾਲਿਸੀ ਡਾਇਰੈਕਟਰ ਆਇਸ਼ਾ ਕੈਂਚੋਲਾ ਬਾਨੇਜ਼ ਨੇ ਕਿਹਾ ਕਿ ਤਨਖਾਹਾਂ ਦੀ ਕਟੌਤੀ ਨਾਲ ਲਗਭਗ 90 ਲੱਖ ਡਿਫ਼ਾਲਟਰਾਂ ਦੀ ਆਰਥਿਕ ਹਾਲਤ ਹੋਰ ਵੀ ਖ਼ਰਾਬ ਹੋ ਸਕਦੀ ਸੀ।

ਵਿਭਾਗ ਨੇ ਕਿਹਾ ਹੈ ਕਿ ਕਰਜ਼ਦਾਰਾਂ ਨੂੰ ਨਵੀਂ ਰੀ-ਪੇਮੈਂਟ ਯੋਜਨਾਵਾਂ ਦਾ ਮੁਲਾਂਕਣ ਕਰਨ ਲਈ ਸਮਾਂ ਦਿੱਤਾ ਜਾਵੇਗਾ ਜੋ 1 ਜੁਲਾਈ ਤੋਂ ਉਪਲਬਧ ਹੋਣਗੀਆਂ। ਦੱਸਣਯੋਗ ਹੈ ਕਿ ਪਿਛਲੇ ਮਹੀਨੇ ਵਿਭਾਗ ਨੇ ਬਿਡੇਨ ਪ੍ਰਸ਼ਾਸਨ ਦੀ ਬਚਤ ਯੋਜਨਾ ਨੂੰ ਰੱਦ ਕਰ ਦਿੱਤਾ ਸੀ ਜਿਸ ਨੂੰ ਅਦਾਲਤ 'ਚ ਚੁਣੌਤੀ ਦਿੱਤੀ ਗਈ ਸੀ।

ਅਮਰੀਕਾ ਦੀ ਜੇਲ੍ਹ 'ਚ ਡੱਕੇ ਗਏ ਤਿੰਨ ਬੇਕਸੂਰ ਭਾਰਤੀ

ਵਾਸ਼ਿੰਗਟਨ: ਅਮਰੀਕਾ ਦੀਆਂ ਸੰਘੀ ਅਦਾਲਤਾਂ ਨੇ ਮਨੁੱਖੀ ਅਧਿਕਾਰਾਂ ਅਤੇ ਨਿਆਂ ਪ੍ਰਣਾਲੀ ਦੇ ਹੱਕ 'ਚ ਵੱਡਾ ਫ਼ੈਸਲਾ ਸੁਣਾਉਂਦੇ ਹੋਏ ਤਿੰਨ ਭਾਰਤੀ ਨਾਗਰਿਕਾਂ ਨੂੰ ਤੁਰੰਤ ਰਿਹਾਅ ਕਰਨ ਦੇ ਹੁਕਮ ਦਿੱਤੇ ਹਨ। ਕੈਲੇਫ਼ੋਰਨੀਆ ਦੇ ਜੱਜਾਂ ਨੇ ਇਮੀਗ੍ਰੇਸ਼ਨ ਅਧਿਕਾਰੀਆਂ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਇਨ੍ਹਾਂ ਵਿਅਕਤੀਆਂ ਨੂੰ ਬਿਨਾਂ ਕਿਸੇ ਸੁਣਵਾਈ ਜਾਂ ਉਚਿਤ ਨੋਟਿਸ ਦੇ ਦੁਬਾਰਾ ਹਿਰਾਸਤ 'ਚ ਲੈਣਾ ਗ਼ੈਰ-ਕਾਨੂੰਨੀ ਹੈ।

ਇਹ ਤਿੰਨੋਂ ਭਾਰਤੀ ਨਾਗਰਿਕ ਪਹਿਲਾਂ ਇਮੀਗ੍ਰੇਸ਼ਨ ਅਧਿਕਾਰੀਆਂ ਵਲੋਂ ਰਿਹਾਅ ਕੀਤੇ ਗਏ ਸਨ ਅਤੇ ਅਮਰੀਕਾ 'ਚ ਆਪਣੀ ਸ਼ਰਣ ਦੀ ਪ੍ਰਕਿਰਿਆ ਪੂਰੀ ਕਰ ਰਹੇ ਸਨ। ਇਨ੍ਹਾਂ ਨੂੰ ਓਦੋਂ ਮੁੜ ਗ੍ਰਿਫ਼ਤਾਰ ਕੀਤਾ ਗਿਆ ਜਦੋਂ ਉਹ ਆਪਣੇ ਨਿਯਮਿਤ ਚੈੱਕ-ਇਨ ਲਈ ਪੇਸ਼ ਹੋਏ ਸਨ।

1. ਹਰਮੀਤ ਐੱਸ. (21 ਸਾਲ): ਹਰਮੀਤ ਅਗਸਤ 2022 'ਚ ਅਮਰੀਕਾ ਦਾਖਲ ਹੋਇਆ ਸੀ। ਉਹ ਸਾਰੇ ਨਿਯਮਾਂ ਦੀ ਪਾਲਣਾ ਕਰ ਰਿਹਾ ਸੀ, ਅਤੇ ਉਸ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਸੀ। ਨਵੰਬਰ 2025 'ਚ ਜਦੋਂ ਉਹ ICE ਕੋਲ ਚੈੱਕ-ਇਨ ਲਈ ਪੇਸ਼ ਹੋਇਆ ਤਾਂ ਉਸ ਨੂੰ ਬਿਨਾਂ ਕਿਸੇ ਕਾਰਨ ਦੇ ਇੱਕ ਮਹੀਨੇ ਤੋਂ ਵੱਧ ਸਮੇਂ ਲਈ ਹਿਰਾਸਤ 'ਚ ਰੱਖਿਆ ਗਿਆ। ਜੱਜ ਟ੍ਰੇਏ ਐੱਲ. ਨਨਲੇ ਨੇ ਇਸ ਨੂੰ ਸੰਵਿਧਾਨ ਦੀ ਪੰਜਵੀਂ ਸੋਧ ਦੀ ਉਲੰਘਣਾ ਮੰਨਿਆ ਹੈ, ਅਤੇ ਉਸ ਦੀ ਰਿਹਾਈ ਦੇ ਹੁਕਮ ਦੇ ਦਿੱਤੇ ਹਨ।

2. ਸਾਵਨ ਕੇ.: ਸਾਵਨ ਸਤੰਬਰ 2024 'ਚ ਅਮਰੀਕਾ ਆਇਆ ਸੀ ਅਤੇ ਉਸ ਨੇ ਭਾਰਤ 'ਚ ਸਿਆਸੀ ਅਤਿਆਚਾਰ ਦੇ ਡਰੋਂ ਸ਼ਰਣ ਮੰਗੀ ਸੀ। ਉਸ ਨੂੰ ਸਤੰਬਰ 2025 'ਚ ਇੱਕ ਰੁਟੀਨ ਮੁਲਾਕਾਤ ਦੌਰਾਨ ਦੁਬਾਰਾ ਹਿਰਾਸਤ 'ਚ ਲਿਆ ਗਿਆ। ਅਦਾਲਤ ਨੇ ਪਾਇਆ ਕਿ ਉਸ ਨੂੰ ਚਾਰ ਮਹੀਨਿਆਂ ਤਕ ਬਿਨਾਂ ਕਿਸੇ ਵਾਰੰਟ ਜਾਂ ਸੁਣਵਾਈ ਦੇ ਜੇਲ੍ਹ 'ਚ ਰੱਖਿਆ ਗਿਆ ਜੋ ਕਿ ਗ਼ੈਰ-ਕਾਨੂੰਨੀ ਸੀ। ਇੱਕ ਵੱਖਰੇ ਫ਼ੈਸਲੇ 'ਚ ਜੱਜ ਨਨਲੇ ਨੇ ਸਾਵਨ ਕੇ. ਦੀ ਰਿਹਾਈ ਦਾ ਹੁਕਮ ਦਿੱਤਾ।

3. ਅਮਿਤ ਅਮਿਤ: ਦੱਖਣੀ ਕੈਲੇਫ਼ੋਰਨੀਆ 'ਚ ਜੱਜ ਜੈਨਿਸ ਐੱਲ. ਸਾਮਾਰਟਿਨੋ ਨੇ ਅਮਿਤ ਦੀ ਰਿਹਾਈ ਦਾ ਹੁਕਮ ਦਿੱਤਾ। ਅਮਿਤ ਸਤੰਬਰ 2022 'ਚ ਅਮਰੀਕਾ ਦਾਖਲ ਹੋਇਆ ਸੀ। ਅਮਿਤ ਨੂੰ ਸਤੰਬਰ 2025 'ਚ ਉਸ ਸਮੇਂ ਗ੍ਰਿਫ਼ਤਾਰ ਕੀਤਾ ਗਿਆ ਸੀ ਜਦੋਂ ਉਹ ਆਪਣੇ ਕੰਮ'ਤੇ ਜਾਣ ਲਈ ਟੈਕਸੀ ਦੀ ਉਡੀਕ ਕਰ ਰਿਹਾ ਸੀ। ਅਦਾਲਤ ਨੇ ਕਿਹਾ ਕਿ ਅਮਿਤ ਕੋਲ ਰੁਜ਼ਗਾਰ ਸੀ, ਅਤੇ ਉਹ ਆਪਣੀ ਸ਼ਰਣ ਦੀ ਅਰਜ਼ੀ 'ਤੇ ਕੰਮ ਕਰ ਰਿਹਾ ਸੀ ਅਜਿਹੇ 'ਚ ਉਸ ਨੂੰ ਬਿਨਾਂ ਨੋਟਿਸ ਹਿਰਾਸਤ 'ਚ ਲੈਣਾ ਗ਼ਲਤ ਹੈ।

ਅਦਾਲਤਾਂ ਨੇ ਸਪੱਸ਼ਟ ਕੀਤਾ ਹੈ ਕਿ ਇੱਕ ਵਾਰ ਜਦੋਂ ਇਮੀਗ੍ਰੇਸ਼ਨ ਅਧਿਕਾਰੀ ਕਿਸੇ ਵਿਅਕਤੀ ਨੂੰ ਰਿਹਾਅ ਕਰ ਦਿੰਦੇ ਹਨ ਤਾਂ ਉਸ ਵਿਅਕਤੀ ਕੋਲ ਆਪਣੀ ਆਜ਼ਾਦੀ ਦਾ ਸੁਰੱਖਿਅਤ ਅਧਿਕਾਰ ਹੁੰਦਾ ਹੈ। ਜੱਜਾਂ ਅਨੁਸਾਰ ਬਿਨਾਂ ਸੁਣਵਾਈ ਦੇ ਕਿਸੇ ਨੂੰ ਹਿਰਾਸਤ 'ਚ ਲੈਣਾ ਨਾ ਸਿਰਫ਼ ਗ਼ਲਤ ਹੈ ਸਗੋਂ ਇਹ ਸੰਵਿਧਾਨਕ ਸੁਰੱਖਿਆਵਾਂ ਨੂੰ ਵੀ ਕਮਜ਼ੋਰ ਕਰਦਾ ਹੈ। ਅਦਾਲਤ ਨੇ ਹੁਕਮ ਦਿੱਤਾ ਹੈ ਕਿ ਭਵਿੱਖ 'ਚ ਇਨ੍ਹਾਂ ਵਿਅਕਤੀਆਂ ਨੂੰ ਓਦੋਂ ਤਕ ਦੁਬਾਰਾ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਦਾ ਜਦੋਂ ਤਕ ਸਰਕਾਰ ਇਹ ਸਾਬਿਤ ਨਹੀਂ ਕਰਦੀ ਕਿ ਉਹ ਸਮਾਜ ਲਈ ਖ਼ਤਰਾ ਹਨ ਜਾਂ ਉਨ੍ਹਾਂ ਦੇ ਭੱਜਣ ਦਾ ਡਰ ਹੈ।

ਟਰੰਪ ਦੀ ਗ਼ਾਜ਼ਾ ਬੋਰਡ ਔਫ਼ ਪੀਸ ਟੀਮ 'ਚ ਸ਼ਾਮਿਲ ਹੋਣਗੇ ਅਜੇ ਬੰਗਾ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਗ਼ਾਜ਼ਾ ਪੱਟੀ ਦੇ ਪੁਨਰ ਨਿਰਮਾਣ ਅਤੇ ਉੱਥੇ ਸਥਾਈ ਸ਼ਾਂਤੀ ਸਥਾਪਿਤ ਕਰਨ ਲਈ ਇੱਕ ਉੱਚ-ਪੱਧਰੀ ਬੋਰਡ ਔਫ਼ ਪੀਸ ਦਾ ਗਠਨ ਸ਼ੁਰੂ ਕਰ ਦਿੱਤਾ ਹੈ। ਵ੍ਹਾਈਟ ਹਾਊਸ ਵਲੋਂ ਜਾਰੀ ਕੀਤੀ ਗਈ ਸੂਚੀ ਅਨੁਸਾਰ ਇਸ ਬੋਰਡ 'ਚ ਵਿਸ਼ਵ ਬੈਂਕ ਦੇ ਪ੍ਰਧਾਨ ਅਜੇ ਬੰਗਾ, ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਅਤੇ ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਵਰਗੀਆਂ ਪ੍ਰਮੁੱਖ ਹਸਤੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ।ਇਹ ਬੋਰਡ ਗ਼ਾਜ਼ਾ 'ਚ ਸ਼ਾਸ਼ਨ ਸਮਰੱਥਾ ਨਿਰਮਾਣ, ਖੇਤਰੀ ਸਬੰਧਾਂ, ਬੁਨਿਆਦੀ ਢਾਂਚੇ ਦੇ ਪੁਨਰ ਨਿਰਮਾਣ, ਨਿਵੇਸ਼ ਨੂੰ ਆਕਰਸ਼ਿਤ ਕਰਨ ਅਤੇ ਵੱਡੇ ਪੱਧਰ'ਤੇ ਫ਼ੰਡ ਜੁਟਾਉਣ ਵਰਗੇ ਮਹੱਤਵਪੂਰਨ ਕੰਮਾਂ ਦੀ ਦੇਖਰੇਖ ਕਰੇਗਾ। ਸੁਰੱਖਿਆ ਸਥਾਪਿਤ ਕਰਨ ਅਤੇ ਮਾਨਵੀ ਸਹਾਇਤਾ ਦੀ ਸੁਰੱਖਿਅਤ ਸਪਲਾਈ ਯਕੀਨੀ ਬਣਾਉਣ ਲਈ ਮੇਜਰ ਜਨਰਲ ਜੈਸਪਰ ਜੈਫ਼ਰਜ਼ ਨੂੰ ਇੰਟਰਨੈਸ਼ਨਲ ਸਟੇਬਲਾਈਜ਼ੇਸ਼ਨ ਫ਼ੋਰਸ ਦਾ ਕਮਾਂਡਰ ਨਿਯੁਕਤ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਇਹ ਪਹਿਲਕਦਮੀ ਟਰੰਪ ਦੇ 20-ਸੂਤਰੀ ਰੋਡਮੈਪ ਦਾ ਹਿੱਸਾ ਹੈ ਜਿਸ 'ਚ ਟਰੰਪ ਆਰਥਿਕ ਵਿਕਾਸ ਯੋਜਨਾ ਵੀ ਸ਼ਾਮਿਲ ਹੈ। ਇਸ ਦਾ ਉਦੇਸ਼ ਗ਼ਾਜ਼ਾ ਨੂੰ ਆਧੁਨਿਕ ਸ਼ਹਿਰਾਂ ਵਜੋਂ ਵਿਕਸਿਤ ਕਰਨਾ, ਅਤੇ ਉੱਥੇ ਵਿਸ਼ੇਸ਼ ਆਰਥਿਕ ਖੇਤਰ ਸਥਾਪਿਤ ਕਰਨਾ ਹੈ। ਯੋਜਨਾ ਅਨੁਸਾਰ ਜੇਕਰ ਦੋਵੇਂ ਧਿਰਾਂ ਸਹਿਮਤ ਹੁੰਦੀਆਂ ਹਨ ਤਾਂ ਜੰਗ ਤੁਰੰਤ ਖ਼ਤਮ ਹੋ ਜਾਵੇਗੀ ਅਤੇ ਇਜ਼ਰਾਇਲੀ ਫ਼ੌਜਾਂ ਨਿਰਧਾਰਿਤ ਲਾਈਨਾਂ ਤਕ ਪਿੱਛੇ ਹਟ ਜਾਣਗੀਆਂ।

ਯੋਜਨਾ 'ਚ ਕਿਹਾ ਗਿਆ ਹੈ ਕਿ ਕਿਸੇ ਨੂੰ ਵੀ ਗ਼ਾਜ਼ਾ ਛੱਡਣ ਲਈ ਮਜਬੂਰ ਨਹੀਂ ਕੀਤਾ ਜਾਵੇਗਾ। ਇਸ ਦੀ ਬਜਾਏ ਲੋਕਾਂ ਨੂੰ ਉੱਥੇ ਰਹਿ ਕੇ ਇੱਕ ਬਿਹਤਰ ਗ਼ਾਜ਼ਾ ਬਣਾਉਣ ਅਤੇ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ। ਬੋਰਡ ਦੇ ਹੋਰ ਪ੍ਰਮੁੱਖ ਮੈਂਬਰਾਂ 'ਚ ਟਰੰਪ ਦੇ ਜਵਾਈ ਜੈਰੇਡ ਕੁਸ਼ਨਰ, ਸਟੀਵ ਵਿਟਕੌਫ਼ ਅਤੇ ਮਾਰਕ ਰੋਵਨ ਸ਼ਾਮਿਲ ਹਨ। ਆਉਣ ਵਾਲੇ ਹਫ਼ਤਿਆਂ 'ਚ ਬੋਰਡ ਦੇ ਕੁਝਹੋਰ ਮੈਂਬਰਾਂ ਦੇ ਨਾਵਾਂ ਦਾ ਐਲਾਨ ਵੀ ਕੀਤਾ ਜਾ ਸਕਦਾ ਹੈ।

ਅੱਧੀ ਸਦੀ ਤੋਂ ਨਹੀਂ ਸੁੱਤਾ ਇਹ ਵਿਅਕਤੀ

ਰੀਵਾ: ਮੱਧ ਪ੍ਰਦੇਸ਼ ਦੇ ਰੀਵਾ ਜ਼ਿਲ੍ਹੇ ਤੋਂ ਇੱਕ ਅਜਿਹਾ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ ਜਿਸ ਨੇ ਵੱਡੇ-ਵੱਡੇ ਡਾਕਟਰਾਂ ਅਤੇ ਵਿਗਿਆਨੀਆਂ ਨੂੰ ਸੋਚਾਂ 'ਚ ਪਾ ਦਿੱਤਾ ਹੈ। ਇੱਥੋਂ ਦੀ ਚਾਣਕਿਆਪੁਰੀ ਕਲੋਨੀ ਦੇ ਰਹਿਣ ਵਾਲੇ 75 ਸਾਲਾ ਰਿਟਾਇਰਡ ਜੋਆਇੰਟ ਕਲੈਕਟਰ ਮੋਹਨਲਾਲ ਦਿਵੇਦੀ ਦਾ ਦਾਅਵਾ ਹੈ ਕਿ ਉਹ ਪਿਛਲੇ 50 ਸਾਲਾਂ ਤੋਂ ਇੱਕ ਪਲ ਲਈ ਵੀ ਨਹੀਂ ਸੁੱਤੇ।ਮੋਹਨਲਾਲ ਅਨੁਸਾਰ ਨੀਂਦ ਨਾ ਆਉਣ ਦਾ ਇਹ ਸਿਲਸਿਲਾ ਸਾਲ 1973 'ਚ ਸ਼ੁਰੂ ਹੋਇਆ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਇੰਨੇ ਸਾਲਾਂ ਤੋਂ ਨਾ ਸੌਣ ਦੇ ਬਾਵਜੂਦ ਉਨ੍ਹਾਂ ਨੂੰ ਨਾ ਤਾਂ ਥਕਾਵਟ ਮਹਿਸੂਸ ਹੁੰਦੀ ਹੈ ਅਤੇ ਨਾ ਹੀ ਅੱਖਾਂ 'ਚ ਕੋਈ ਜਲਣ ਜਾਂ ਭਾਰੀਪਨ ਹੁੰਦਾ ਹੈ। ਉਹ ਪੂਰੀ ਤਰ੍ਹਾਂ ਸਿਹਤਮੰਦ ਅਤੇ ਸਰਗਰਮ ਜੀਵਨ ਜੀ ਰਿਹਾ ਹੈ।

ਸਿਰਫ਼ ਨੀਂਦ ਹੀ ਨਹੀਂ, ਮੋਹਨਲਾਲ ਨੂੰ ਸ਼ਰੀਰ 'ਤੇ ਸੱਟ ਲੱਗਣ'ਤੇ ਦਰਦ ਦਾ ਅਹਿਸਾਸ ਵੀ ਨਹੀਂ ਹੁੰਦਾ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਸ਼ਰੀਰ ਪੱਥਰ ਵਰਗਾ ਹੋ ਚੁੱਕਾ ਹੈ। ਉਨ੍ਹਾਂ ਨੇ ਦਿੱਲੀ, ਮੁੰਬਈ, ਜਬਲਪੁਰ ਅਤੇ ਰੀਵਾ ਦੇ ਵੱਡੇ ਹਸਪਤਾਲਾਂ 'ਚ ਆਪਣੀ ਜਾਂਚ ਕਰਵਾਈ, ਪਰ ਡਾਕਟਰ ਅੱਜ ਤਕ ਇਸ ਅਜੀਬੋ-ਗ਼ਰੀਬ ਸਥਿਤੀ ਦਾ ਕੋਈ ਠੋਸ ਕਾਰਨ ਨਹੀਂ ਲੱਭ ਸਕੇ।

ਬੁਕਸ ਪੜ੍ਹ ਕੇ ਅਤੇ ਛੱਤ 'ਤੇ ਟਹਿਲ ਕੇ ਬੀਤਦੀ ਹੈ ਰਾਤ: ਮੋਹਨਲਾਲ ਨੇ ਦੱਸਿਆ ਕਿ ਉਹ ਆਪਣੀ ਰਾਤ ਦਾ ਜ਼ਿਆਦਾਤਰ ਸਮਾਂ ਕਿਤਾਬਾਂ ਪੜ੍ਹਨ 'ਚ ਬਿਤਾਉਂਦਾ ਹੈ ਜਾਂ ਦੇਰ ਰਾਤ ਤਕ ਛੱਤ 'ਤੇ ਟਹਿਲ ਕੇ। ਦਿਲਚਸਪ ਗੱਲ ਇਹ ਹੈ ਕਿ ਉਨ੍ਹਾਂ ਦੀ ਪਤਨੀ ਨਰਮਦਾ ਦਿਵੇਦੀ ਵੀ 24 ਘੰਟਿਆਂ 'ਚ ਸਿਰਫ਼ 3-4 ਘੰਟੇ ਹੀ ਨੀਂਦ ਲੈਂਦੀ ਹੈ।

ਨੀਂਦ ਦੀ ਇਸ ਕਮੀ ਨੇ ਮੋਹਨਲਾਲ ਦੇ ਕਰੀਅਰ 'ਤੇ ਕਦੇ ਕੋਈ ਬੁਰਾ ਅਸਰ ਨਹੀਂ ਪਾਇਆ। ਉਨ੍ਹਾਂ ਨੇ 1973 'ਚ ਬਤੌਰ ਇੱਕ ਲੈਕਚਰਾਰ ਨੌਕਰੀ ਸ਼ੁਰੂ ਕੀਤੀ, ਫ਼ਿਰ 1974 'ਚ MPPSC ਪਾਸ ਕਰ ਕੇ ਨਾਇਬ ਤਹਿਸੀਲਦਾਰ ਬਣਿਆ ਅਤੇ ਸਾਲ 2001 'ਚ ਜੋਆਇੰਟ ਕਲੈਕਟਰ ਦੇ ਅਹੁਦੇ ਤੋਂ ਰਿਟਾਇਰ ਹੋਇਆ।

ਰੀਵਾ ਦੇ ਸੰਜੇ ਗਾਂਧੀ ਹਸਪਤਾਲ ਦੇ ਸੁਪਰਡੈਂਟ ਡਾ. ਰਾਹੁਲ ਮਿਸ਼ਰਾ ਨੇ ਇਸ ਮਾਮਲੇ ਨੂੰ ਮੈਡੀਕਲ ਸਾਇੰਸ ਲਈ ਵੱਡੀ ਚੁਣੌਤੀ ਦੱਸਿਆ ਹੈ। ਉਨ੍ਹਾਂ ਅਨੁਸਾਰ ਨੀਂਦ ਤੋਂ ਬਿਨਾਂ ਜ਼ਿੰਦਾ ਰਹਿਣਾ ਲਗਭਗ ਅਸੰਭਵ ਮੰਨਿਆ ਜਾਂਦਾ ਹੈ, ਪਰ ਮੋਹਨਲਾਲ ਦਾ ਕੇਸ ਨਵੀਂ ਖੋਜ ਦੇ ਰਾਹ ਖੋਲ੍ਹ ਸਕਦਾ ਹੈ। ਉਨ੍ਹਾਂ ਨੇ ਸੁਝਾਅ ਦਿੱਤਾ ਹੈ ਕਿ ਅਜਿਹੇ ਮਾਮਲੇ ਜਨੈਟਿਕ (ਅਨੁਵਾਂਸ਼ਿਕ) ਵੀ ਹੋ ਸਕਦੇ ਹਨ, ਅਤੇ ਮਨੋਵਿਗਿਆਨ ਮਾਹਿਰਾਂ ਰਾਹੀਂ ਇਸ ਦੀ ਹੋਰ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ।

ਇੰਡੀਅਨ ਵੀਜ਼ਾ OCI & Passport Renewal 514-389-7070
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਇੰਡੀਅਨ ਵੀਜ਼ਾ OCI & Passport Renewal 514-389-7070
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
ਲੀਗਲ ਸੇਵਾਵਾਂ 905-913-2355
Line of Credit Fix Bad Credit Get OSAP Loan 905-965-4644
ਵਕੀਲ ਦੀ ਲੋੜ ? 905-362-0755

ਟਰੰਪ ਨੂੰ ਮਿਲਿਆ ਸੈਕਿੰਡ ਹੈਂਡ ਨੋਬੈਲ ਪੁਰਸਕਾਰ

ਵਾਸ਼ਿੰਗਟਨ: ਵੈਨੇਜ਼ੂਏਲਾ ਦੀ ਵਿਰੋਧੀ ਧਿਰ ਦੀ ਪ੍ਰਮੁੱਖ ਨੇਤਾ ਮਾਰੀਆ ਕੋਰੀਨਾ ਮਚਾਡੋ ਨੇ ਕਿਹਾ ਕਿ ਉਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੂੰ ਆਪਣਾ ਨੋਬੈਲ ਸ਼ਾਂਤੀ ਪੁਰਸਕਾਰ ਮੈਡਲ ਭੇਂਟ ਕੀਤਾ ਹੈ। ਵ੍ਹਾਈਟ ਹਾਊਸ ਦੇ ਓਵਲ ਔਫ਼ਿਸ 'ਚ ਹੋਈ ਇਸ ਮੁਲਾਕਾਤ ਦੌਰਾਨ ਮਚਾਡੋ ਨੇ ਟਰੰਪ ਦੀ ਅਗਵਾਈ ਅਤੇ ਵੈਨੇਜ਼ੂਏਲਾ ਦੀ ਆਜ਼ਾਦੀ ਪ੍ਰਤੀ ਉਨ੍ਹਾਂ